# ਸੰਵਾ ਕੇ ਦਿਮਾਗ ਦੇ ਸੁਣਨ ਵਾਲੇ ਹਿੱਸਿਆਂ ਦੇ ਪ੍ਰਤਿਕਰਮ (ਏ ਬੀ ਆਰ) ਦਾ ਟੈਸਟ (ਸੰਵਾ ਕੇ ਸੁਣਨ ਦਾ ਟੈਸਟ)

## The Sedated Auditory Brainstem Response (ABR) Test (Sedated Hearing Test)

BC CHILDREN'S HOSPITAL
An agency of the Provincial Health Services Authority


**Audiology and Speech Language Pathology Department**

Room K2-192, 4480 Oak St, Vancouver, BC, V6H 3V4

604-875-2112 or Toll Free in BC 1-888-300-3088, ext. 2112

Fax: 604-875-2743 • www.bcchildrens.ca


## ਤੁਹਾਡੇ ਬੱਚੇ ਲਈ ਨਿਸ਼ਚਤ ਸਮਾਂ

## Your Child's Appointment

***ਸੰਵਾ ਕੇ ਦਿਮਾਗ ਦੇ ਸੁਣਨ ਵਾਲੇ ਹਿੱਸਿਆਂ ਦੇ ਪ੍ਰਤਿਕਰਮ (ਏ ਬੀ ਆਰ) ਟੈਸਟ ਦਾ ਤੁਹਾਡੇ ਬੱਚੇ ਲਈ ਸਮਾਂ ਨਿਸ਼ਚਤ ਕੀਤਾ ਗਿਆ ਹੈ:***

______________________________________

ਆਡੀਔਲੋਜੀ ਵਿਭਾਗ ਵਿਚ ਪਹੁੰਚਣ ਦਾ ਸਮਾਂ:

ਸਵੇਰੇ 9:00 __________ ਦੁਪਹਿਰੇ 1:00 ________

ਤੁਸੀਂ ਅਤੇ ਤੁਹਾਡਾ ਬੱਚਾ 3 ਘੰਟੇ ਤੱਕ ਹਸਪਤਾਲ ਵਿਚ ਰਹੋਗੇ

ਆਪਣੇ ਹੋਰ ਬੱਚਿਆਂ ਦੀ ਦੇਖਭਾਲ ਲਈ ਇੰਤਜ਼ਾਮ ਕਰ ਲਿਉ। ਟੈਸਟ ਵਾਲੇ ਕਮਰੇ ਵਿਚ ਸ਼ਾਂਤੀ ਹੋਣੀ ਚਾਹੀਦੀ ਹੈ, ਹੋਰ ਭੈਣ-ਭਾਈ ਨਹੀਂ ਰਹਿ ਸਕਦੇ। ਜੇ ਤੁਹਾਨੂੰ ਆਪਣੇ ਦੂਜੇ ਬੱਚੇ ਲਿਆਉਣੇ ਪੈਂਦੇ ਹਨ ਤਾਂ ਕਿਰਪਾ ਕਰਕੇ ਉਹਨਾਂ ਦੀ ਦੇਖਭਾਲ ਲਈ ਕਿਸੇ ਹੋਰ ਨੂੰ ਨਾਲ ਲੈ ਕੇ ਆਉ।

## ਧਿਆਨ ਰਹੇ:

ਜੇ ਤੁਹਾਡਾ ਬੱਚਾ ਬਿਮਾਰ ਹੈ, ਟੈਸਟ ਦੇ ਨਤੀਜਿਆਂ ‘ਤੇ ਅਸਰ ਪੈ ਸਕਦਾ ਹੈ।

ਕਿਰਪਾ ਕਰਕੇ ਕੰਨ, ਨੱਕ ਅਤੇ ਗਲ (ਈ ਐਨ ਟੀ) ਕਲਿਨਿਕ ਨਰਸ ਨੂੰ 604-875-2345 ਅਗਾਂਹ 7053, ਜਾਂ ਬੀ ਸੀ ਵਿਚੋਂ ਕਿਤੇ ਵੀ ਟੌਲ-ਫ਼ਰੀ 1-888-300-3088 ਅਗਾਂਹ 7053 ‘ਤੇ ਫੋਨ ਕਰਕੇ ਦੱਸੋ, ਜੇ ਕਰ ਤੁਹਾਡੇ ਬੱਚੇ ਨੂੰ:

- ਏ ਬੀ ਆਰ ਟੈਸਟ ਤੋਂ ਦੋ ਹਫ਼ਤੇ ਪਹਿਲਾਂ ਤੱਕ ਖੁਰਕ, ਜ਼ੁਕਾਮ, ਫਲੂ, ਬੁਖਾਰ, ਟੱਟੀਆਂ ਜਾਂ ਉਲਟੀਆਂ ਲੱਗੀਆਂ ਸਨ।
- ਏ ਬੀ ਆਰ ਟੈਸਟ ਤੋਂ ਤਿੰਨ ਹਫ਼ਤੇ ਪਹਿਲਾਂ ਵੀ ਕਿਸੇ ਦੇ ਸੰਪਰਕ ਵਿਚ ਆਇਆ ਹੈ ਜਿਸ ਨੂੰ ਲਾਗ (ਜਿਵੇਂ ਖਸਰੇ, ਚੇਚਕ) ਦੀ ਕਸਰ ਸੀ।

## ਏ ਬੀ ਆਰ ਟੈਸਟ ਕੀ ਹੈ?

## What is an (ABR) Test?

ਏ ਬੀ ਆਰ ਸੁਣਨ ਵਾਲੀਆਂ ਨਸਾਂ ਟੈਸਟ ਕਰਦਾ ਹੈ। ਇਹ ਮਾਪਦਾ ਹੈ ਕਿ ਸੁਣਨ ਵਾਲੀ ਨਸ ਅਤੇ ਦਿਮਾਗ ਦੇ ਸੁਣਨ ਵਾਲੇ ਹਿੱਸਿਆਂ ਉਤੇ ਆਵਾਜ਼ ਕਿਵੇਂ ਪ੍ਰਭਾਵ ਪਾਉਂਦੀ ਹੈ ਅਤੇ ਸਾਨੂੰ ਪਤਾ ਲੱਗਦਾ ਹੈ ਕਿ ਤੁਹਾਡਾ ਬੱਚਾ ਕਿਵੇਂ ਸੁਣਦਾ ਹੈ।



ਇਹ ਟੈਸਟ ਆਡੀਔਲੋਜਿਸਟ (ਸੁਣਨ ਦਾ ਮਾਹਰ) ਬਿਲਕੁਲ ਸ਼ਾਂਤ ਅਵਾਜ਼-ਰਹਿਤ ਕਮਰੇ ਵਿਚ ਤੁਹਾਡੇ ਬੱਚੇ ਨੂੰ ਸੰਵਾ ਕੇ ਕਰਦਾ ਹੈ।

## ਇਹ ਕਿਵੇਂ ਕੀਤਾ ਜਾਂਦਾ ਹੈ?

## How is it done?

1. ਤੁਸੀਂ ਅਤੇ ਤੁਹਾਡਾ ਬੱਚਾ ਈ ਐਨ ਟੀ ਕਲਿਨਿਕ ਨਰਸ ਨੂੰ ਮਿਲੋਗੇ। ਤੁਹਾਡੇ ਬੱਚੇ ਦੇ ਦਿਲ ਦੀ ਧੜਕਣ, ਸਾਹ ਲੈਂਦਿਆਂ ਛਾਤੀ ਦੀ ਅਵਾਜ਼, ਅਤੇ ਭਾਰ ਵਗੈਰਾ ਦੇਖਿਆ ਜਾਵੇਗਾ।
2. ਕੰਨ, ਨੱਕ ਅਤੇ ਗਲ਼ੇ (ਈ ਐਨ ਟੀ) ਦਾ ਡਾਕਟਰ ਤੁਹਾਡੇ ਬੱਚੇ ਦੀ ਜਾਂਚ ਕਰੇਗਾ ਅਤੇ ਹਲਕੀ ਜਿਹੀ ਨੀਂਦ ਦੀ ਦਵਾਈ (ਕਲੋਰਲ ਹਾਈਡਰੇਟ) ਦੇਣ ਦੀ ਸਲਾਹ ਦੇ ਦੇਵੇਗਾ।
3. ਏ ਬੀ ਆਰ ਟੈਸਟ ਤੋਂ ਪਹਿਲਾਂ ਆਡੀਔਲੋਜਿਸਟ ਸ਼ਾਇਦ ਕੁਝ ਹੋਰ ਸੁਣਨ ਸਬੰਧੀ ਟੈਸਟ ਕਰੇ ਜਦੋਂ ਤੁਹਾਡਾ ਬੱਚਾ ਅਜੇ ਜਾਗਦਾ ਹੈ।
4. ਨਰਸ ਤੁਹਾਡੇ ਬੱਚੇ ਨੂੰ ਕਲੋਰਲ ਹਾਈਡਰੇਟ (ਨੀਂਦ ਦੀ ਦਵਾਈ) ਖਾਣ ਲਈ ਦੇਵੇਗੀ। ਮਾਫ਼ ਕਰਨਾ, ਇਸ ਦਵਾਈ ਦਾ ਸਵਾਦ ਭੈੜਾ ਹੈ।
5. ਤੁਸੀਂ ਆਪਣੇ ਬੱਚੇ ਨੂੰ ਸੌਣ ਤੱਕ ਚੁੱਕ ਸਕਦੇ ਹੋ। ਫਿਰ ਤੁਹਾਨੂੰ ਆਪਣੇ ਬੱਚੇ ਨੂੰ ਯੰਤਰਾਂ ਲਾਗੇ ਮੰਜੇ ‘ਤੇ ਪਾਉਣ ਲਈ ਕਿਹਾ ਜਾਵੇਗਾ। ਨਰਸ ਤਹਾਡੇ ਬੱਚੇ ਦੇ ਮੁੜ ਉੱਠਣ ਤੱਕ ਉਸਦੀ ਨਿਗਰਾਨੀ ਕਰੇਗੀ।
6. ਆਡੀਔਲੋਜਿਸਟ ਤੁਹਾਡੇ ਬੱਚੇ ਦੇ ਮੱਥੇ ਉੱਤੇ ਅਤੇ ਦੋਵੇਂ ਕੰਨਾਂ ਪਿੱਛੇ ਰਿਕਾਰਡ ਕਰਨ ਲਈ ਸੈਂਸਰ ਲਾ ਦੇਵੇਗਾ। ਤੁਹਾਡੇ ਬੱਚੇ ਦੇ ਕੰਨਾਂ ਵਿਚ ਛੋਟੇ ਸਪੀਕਰ ਲਾਏ ਜਾਣਗੇ। ਫਿਰ ਉਹਨਾਂ ਸਪੀਕਰਾਂ ਰਾਹੀਂ ਕੰਪਿਊਟਰ ਵੱਖ-ਵੱਖ ਸੁਰਾਂ ਨਾਲ ਕਲਿੱਕ ਅਤੇ ਤਰਜ਼ਾਂ ਭੇਜਦਾ ਹੈ। ਜਿਵੇਂ ਤੁਹਾਡਾ ਬੱਚਾ ਆਵਾਜ਼ਾਂ ਸੁਣਦਾ ਹੈ, ਰਿਕਾਰਡ ਕਰਨ ਵਾਲੇ ਸੂਚਕ ਸੁਣਨ ਵਾਲੀਆਂ ਨਸਾਂ ਅਤੇ ਦਿਮਾਗੀ ਤਰੰਗਾਂ ਉਪਰ ਪ੍ਰਭਾਵ ਨੂੰ ਮਿਣਦੇ ਹਨ। ਇਸ ਪ੍ਰਭਾਵ ਨੂੰ ਲਹਿਰਧਾਰਾ ਕਰਕੇ ਜਾਣਿਆ ਜਾਂਦਾ ਹੈ। ਆਡੀਔਲੋਜਿਸਟ ਇਹਨਾਂ ਲਹਿਰਧਾਰਾਵਾਂ ਦਾ ਮਤਲਬ ਕੱਢਦੇ ਹਨ।
7. ਟੈਸਟ ਤੋਂ ਬਾਅਦ ਆਡੀਔਲੋਜਿਸਟ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ।

ਇਹ ਕਾਰਵਾਈ ਦਰਦਨਾਕ ਨਹੀਂ ਹੈ।

## ਇਸ ਟੈਸਟ ਦੌਰਾਨ ਮੇਰਾ ਬੱਚਾ ਸੁੱਤਾ ਹੀ ਕਿਉਂ ਹੋਣਾ ਚਾਹੀਦਾ ਹੈ? Why must my child be asleep during the test?

ਟੈਸਟ ਦੌਰਾਨ ਤੁਹਾਡੇ ਬੱਚੇ ਨੂੰ ਬਹੁਤ ਹੀ ਸਥਿਰ ਰਹਿਣਾ ਪਵੇਗਾ। ਸਿਰ, ਧੌਣ ਜਾਂ ਜਬਾੜੇ ਦੇ ਥੋੜਾ ਜਿਹਾ ਹਿਲਣ ਨਾਲ ਵੀ ਗਲਤ ਪ੍ਰਭਾਵ ਮਿਲ ਸਕਦਾ ਹੈ ਜਿਸ ਨਾਲ ਟੈਸਟ ਦੀ ਸ਼ੁੱਧਤਾ ਉੱਪਰ ਅਸਰ ਪੈ ਸਕਦਾ ਹੈ।

*continued...*

## ਸੰਵਾ ਕੇ ਕੀਤੇ ਏ ਬੀ ਆਰ ਤੋਂ ਪਹਿਲਾਂ: ਮਹੱਤਵਪੂਰਣ ਨਿਰਦੇਸ਼

### ਖਾਣਾ-ਪੀਣਾ (Eating and Drinking):

STOP ਠੋਸ ਭੋਜਨ ਏ ਬੀ ਆਰ ਟੈਸਟ ਦੇ ਸਮੇਂ ਤੋਂ **5 ਘੰਟੇ ਪਹਿਲਾਂ**।

- ਜੇ ਤੁਹਾਡੇ ਬੱਚੇ ਦਾ ਏ ਬੀ ਆਰ ਟੈਸਟ ਸਵੇਰੇ ਹੈ ਤਾਂ ਬੱਚੇ ਨੂੰ ਸਵੇਰੇ 4:30 ਤੋਂ ਬਾਅਦ ਕੋਈ ਠੋਸ ਭੋਜਨ ਜਾਂ ਦੁੱਧ ਨਹੀਂ ਦੇਣਾ ਚਾਹੀਦਾ।
- ਜੇ ਤੁਹਾਡੇ ਬੱਚੇ ਦਾ ਏ ਬੀ ਆਰ ਟੈਸਟ ਦੁਪਿਹਰੇ ਹੈ ਤਾਂ ਬੱਚੇ ਨੂੰ ਸਵੇਰੇ 8:30 ਤੋਂ ਬਾਅਦ ਕੋਈ ਠੋਸ ਭੋਜਨ ਜਾਂ ਦੁੱਧ ਨਹੀਂ ਦੇਣਾ ਚਾਹੀਦਾ।
- ਠੋਸ ਭੋਜਨ ਵਿਚ ਠੋਸ ਪਦਾਰਥਾਂ ਵਾਲੇ ਤਰਲ (ਜਿਵੇਂ ਕਿ ਸੰਤਰੇ ਦਾ ਜੂਸ ਜਾਂ ਮੀਟ ਦੀ ਤਰੀ) ਅਤੇ ਜੈਲੋ ਵੀ ਆ ਜਾਂਦੀ ਹੈ।

***ਜੇ ਤੁਹਾਡਾ ਬੱਚਾ ਇਕ ਸਾਲ ਤੋਂ ਛੋਟਾ ਹੈ:***

STOP ਏ ਬੀ ਆਰ ਟੈਸਟ ਦੇ ਸਮੇਂ ਤੋਂ 4 ਘੰਟੇ ਪਹਿਲਾਂ ਦੁੱਧ (ਆਪਣਾ ਦੁੱਧ, ਗਾਂ ਦਾ ਜਾਂ ਡੱਬੇ ਵਾਲਾ ਦੁੱਧ) ਪਿਆ ਦਿਉ।

- ਜੇ ਤੁਹਾਡੇ ਬੱਚੇ ਦਾ ਏ ਬੀ ਆਰ ਟੈਸਟ ਸਵੇਰੇ ਹੈ ਤਾਂ ਬੱਚੇ ਨੂੰ ਸਵੇਰੇ 5:30 ਤੋਂ ਬਾਅਦ ਦੁੱਧ ਨਹੀਂ ਦੇਣਾ ਚਾਹੀਦਾ।
- ਜੇ ਤੁਹਾਡੇ ਬੱਚੇ ਦਾ ਏ ਬੀ ਆਰ ਟੈਸਟ ਦੁਪਿਹਰੇ ਹੈ ਤਾਂ ਬੱਚੇ ਨੂੰ ਸਵੇਰੇ 9:30 ਤੋਂ ਬਾਅਦ ਦੁੱਧ ਨਹੀਂ ਦੇਣਾ ਚਾਹੀਦਾ।

STOP ਏ ਬੀ ਆਰ ਟੈਸਟ ਦੇ ਸਮੇਂ ਤੋਂ **2 ਘੰਟੇ ਪਹਿਲਾਂ** ਸਿਰਫ਼ ਸਪਸ਼ਟ ਤਰਲ ਹੀ ਦਿੱਤਾ ਜਾ ਸਕਦਾ ਹੈ।

- ਜੇ ਤੁਹਾਡੇ ਬੱਚੇ ਦਾ ਏ ਬੀ ਆਰ ਟੈਸਟ ਸਵੇਰੇ ਹੈ ਤਾਂ ਬੱਚੇ ਨੂੰ ਸਵੇਰੇ 7:30 ਤੋਂ ਬਾਅਦ ਸਪਸ਼ਟ ਤਰਲ ਨਹੀਂ ਦੇਣਾ ਚਾਹੀਦਾ।
- ਜੇ ਤੁਹਾਡੇ ਬੱਚੇ ਦਾ ਏ ਬੀ ਆਰ ਟੈਸਟ ਦੁਪਿਹਰੇ ਹੈ ਤਾਂ ਬੱਚੇ ਨੂੰ ਸਵੇਰੇ 11:30 ਤੋਂ ਬਾਅਦ ਸਪਸ਼ਟ ਤਰਲ ਨਹੀਂ ਦੇਣਾ ਚਾਹੀਦਾ।
- ਸਪਸ਼ਟ ਤਰਲ ਸਿਰਫ਼ ਪਾਣੀ ਜਾਂ ਸੇਬ ਦਾ ਜੂਸ ਹੈ।
- ਖੰਡ ਰਲਿਆ ਪਾਣੀ, ਜਿੰਜਰ ਏਲ, ਜੈਲੋ, ਸੰਤਰੇ ਦਾ ਜੂਸ, ਕੋਕ, ਪੈਪਸੀ ਅਤੇ ਦੁੱਧ ਸਪਸ਼ਟ ਤਰਲ ਨਹੀਂ ਹਨ।

ਖਾਣ-ਪੀਣ ਬਾਰੇ ਉਪਰਲੇ ਨਿਰਦੇਸ਼ਾਂ ਦੀ ਧਿਆਨ ਨਾਲ ਪਾਲਣਾ ਕਰੋ। ਕਲੋਰਲ ਹਾਈਡਰੇਟ ਦੇਣ ਲਈ ਤੁਹਾਡੇ ਬੱਚੇ ਦਾ ਪੇਟ ਖਾਲੀ ਹੋਣਾ ਚਾਹੀਦਾ ਹੈ। ਜੇ ਤੁਹਾਡੇ ਬੱਚੇ ਨੇ ਕੁਝ ਖਾਧਾ-ਪੀਤਾ ਹੋਇਆ ਤਾਂ ਟੈਸਟ ਦੀ ਤਰੀਕ ਅਗਾਂਹ ਪਾਉਣੀ ਪਵੇਗੀ।

### ਸੌਣਾ (Sleeping):

#### *ਤੁਹਾਡੇ ਬੱਚੇ ਦੇ ਏ ਬੀ ਆਰ ਟੈਸਟ ਤੋਂ ਇਕ ਰਾਤ ਪਹਿਲਾਂ*

- ਏ ਬੀ ਆਰ ਟੈਸਟ ਤੋਂ ਇਕ ਰਾਤ ਪਹਿਲਾਂ ਆਪਣੇ ਬੱਚੇ ਨੂੰ ਜਿੰਨਾਂ ਹੋ ਸਕੇ ਦੇਰ ਤੱਕ ਜਗਾਅ ਕੇ ਰੱਖੋ। ਪਹਿਲੀ ਰਾਤ ਘੱਟ ਨੀਂਦ ਕਾਮਯਾਬ ਏ ਬੀ ਆਰ ਟੈਸਟ ਲਈ ਮਦਦਗਾਰ ਹੈ।
- ਆਪਣੇ ਬੱਚੇ ਨੂੰ ਦੇਰ ਰਾਤ ਪੌਸ਼ਟਿਕ ਖੁਰਾਕ ਦੇ ਦਿਉ।

#### *ਏ ਬੀ ਆਰ ਟੈਸਟ ਦੀ ਸਵੇਰ ਨੂੰ*

- ਆਪਣੇ ਬੱਚੇ ਨੂੰ ਏ ਬੀ ਆਰ ਟੈਸਟ ਦੀ ਸਵੇਰੇ ਜਲਦੀ ਉਠਾ ਲਉ। ਆਪਣੇ ਬੱਚੇ ਨੂੰ ਏ ਬੀ ਆਰ ਟੈਸਟ ਤੱਕ ਜਗਾਅ ਕੇ ਰੱਖੋ। **ਆਪਣੇ ਬੱਚੇ ਨੂੰ ਹਸਪਤਾਲ ਪਹੁੰਚਣ ਤੱਕ ਕਾਰ ਵਿਚ ਸੌਣ ਨਾ ਦਿਉ।**
- ਆਪਣੇ ਬੱਚੇ ਨੂੰ ਅਰਾਮਦਾਇਕ ਕੱਪੜੇ ਜਾਂ ਪਜਾਮਾ ਪੁਆ ਕੇ ਲਿਆਉ।

***ਈ ਐਨ ਟੀ ਨਰਸ ਏ ਬੀ ਆਰ ਟੈਸਟ ਤੋਂ ਪਹਿਲਾਂ ਤੁਹਾਡੇ ਨਾਲ ਸੰਪਰਕ ਕਰੇਗੀ ਅਤੇ ਇਹ ਨਿਰਦੇਸ਼ ਤੁਹਾਨੂੰ ਮੁੜ ਦੱਸੇਗੀ।***

### ਆਪਣੇ ਬੱਚੇ ਨਾਲ ਏ ਬੀ ਆਰ ਟੈਸਟ ਲਈ ਕੀ ਲਿਆਉਣਾ ਹੈ: What to bring for your child's ABR test:

- ਪਸੰਦੀਦਾ ਕੰਬਲ ਜਾਂ ਖਿਡਾਉਣਾ ਜੋ ਤੁਹਾਡੇ ਬੱਚੇ ਦੀ ਸੌਣ ਵਿਚ ਮਦਦ ਕਰੇਗਾ।
- ਏ ਬੀ ਆਰ ਟੈਸਟ ਤੋਂ ਬਾਅਦ ਹਲਕਾ ਜਿਹਾ ਕੁਝ ਖਾਣ ਅਤੇ ਪੀਣ ਲਈ ਠੀਕ ਹੈ (ਜਿਵੇਂ ਕਰੈਕਰ ਅਤੇ ਜੂਸ ਆਦਿ)

### ਕੀ ਟੈਸਟ ਤੋਂ ਬਾਅਦ ਮੇਰੇ ਬੱਚੇ ਨੂੰ ਕਿਸੇ ਖਾਸ ਦੇਖਭਾਲ ਦੀ ਲੋੜ ਪਵੇਗੀ? Will my child need any special care after the test?

ਕਈ ਵਾਰ ਤੁਹਾਡੇ ਬੱਚੇ ਨੂੰ ਜਗਾਉਣ ਲਈ ਉਸਦੇ ਚੇਹਰੇ 'ਤੇ ਠੰਡਾ ਕਪੜਾ ਵਰਤਿਆ ਜਾਂਦਾ ਹੈ। ਨਰਸ ਇਹ ਨਿਸ਼ਚਤ ਕਰੇਗੀ ਕਿ ਤੁਹਾਡਾ ਬੱਚਾ ਦਵਾਈ ਦੇ ਅਸਰ ਤੋਂ ਜਾਗ ਜਾਵੇ। ਜਿਵੇਂ ਹੀ ਡਾਕਟਰੀ ਤੌਰ 'ਤੇ ਸੁਰੱਖਿਅਤ ਹੋਇਆ ਤੁਸੀਂ ਆਪਣੇ ਬੱਚੇ ਨੂੰ ਘਰ ਲਿਜਾਅ ਸਕਦੇ ਹੋ। ਆਮ ਤੌਰ 'ਤੇ ਏ ਬੀ ਆਰ ਟੈਸਟ ਦੇ ਮੁੱਕਣ ਤੋਂ ਅੱਧੇ ਘੰਟੇ ਬਾਅਦ ਠੀਕ ਹੈ।

ਤੁਹਾਡਾ ਬੱਚਾ ਬਾਕੀ ਦਾ ਦਿਨ ਕੁਝ ਸੁਸਤ ਅਤੇ ਚਕਰਾਇਆ ਜਿਹਾ ਰਹਿ ਸਕਦਾ ਹੈ। ਤੁਹਾਡੇ ਬੱਚੇ ਨੂੰ ਕਾਫੀ ਪੱਦ ਵੀ ਆ ਸਕਦੇ ਹਨ। ਇਹ ਨੀਂਦ ਵਾਲੀ ਦਵਾਈ ਦੇ ਅਸਰ ਹਨ ਅਤੇ ਆਪੇ ਹਟ ਜਾਣਗੇ।

ਨਰਸ ਤੁਹਾਨੂੰ ਖੁਵਾਉਣ, ਖੇਡਣ ਅਤੇ ਬਾਅਦ ਵਿਚ ਹੋਰ ਧਿਆਨ ਰੱਖਣਯੋਗ ਲਿਖਤੀ ਹਿਦਾਇਤਾਂ ਦੇਵੇਗੀ।

ਜੇ ਤੁਹਾਡਾ ਕੋਈ ਸਵਾਲ ਹੈ, ਕਿਰਪਾ ਕਰਕੇ 604-875-2345 ਅਗਾਂਹ 7053 ਜਾਂ ਟੌਲ ਫ਼ਰੀ 1-888-300-3088 ਅਗਾਂਹ 7053 'ਤੇ ਫੋਨ ਕਰੋ।

*ਬੀ ਸੀ ਚਿਲਡਰਨ ਹਸਪਤਾਲ ਵਿਚ ਤੁਸੀਂ ਬੱਚੇ ਦੀ ਸਿਹਤ ਸੰਭਾਲ ਟੀਮ ਦਾ ਇਕ ਮਹੱਤਵਪੂਰਣ ਹਿੱਸਾ ਹੋ। ਕਿਰਪਾ ਕਰਕੇ ਸਵਾਲ ਪੁੱਛੋ ਤਾਂ ਕਿ ਤੁਸੀਂ ਸਮਝ ਸਕੋ ਅਤੇ ਆਪਣੇ ਬੱਚੇ ਦੀ ਦੇਖਭਾਲ ਅਤੇ ਇਲਾਜ਼ ਬਾਰੇ ਫ਼ੈਸਲਿਆਂ ਵਿਚ ਸ਼ਾਮਲ ਹੋ ਸਕੋ।*

**ਪੁੱਛਣਾ ਚੰਗਾ ਹੈ!**

*ਆਡੀਔਲੋਜੀ ਅਤੇ ਸਪੀਚ ਲੈਂਗੁਏਜ਼ ਪੈਥੋਲੋਜੀ ਵਿਭਾਗ ਦੇ ਸਿਹਤ ਮਾਹਰਾਂ ਵਲੋਂ ਲਰਨਿੰਗ ਅਤੇ ਡਿਵੈਲਪਮੈਂਟ ਵਿਭਾਗ ਦੀ ਮਦਦ ਨਾਲ ਤਿਆਰ ਕੀਤਾ ਗਿਆ।*

**BCCH1641-P © 2016 BC Children's Hospital**